# ਦਸਮੇਸ਼ ਕਾਲਜ ਆਫ ਨਰਸਿੰਗ ਨੇ ਸਕੂਲ 'ਚ ਹੈਲਥ ਕੈਂਪ ਲਾਇਆ

ਫ਼ਰੀਦਕੋਟ, 28 ਅਗਸਤ (ਜਸਬੀਰ ਕੌਰ ਜੱਸੀ)-ਦਸਮੇਸ਼ ਕਾਲਜ ਆਫ ਨਰਸਿੰਗ ਵਲੋਂ ਸਰਕਾਰੀ ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ ਵਿਖੇ ਹੈਲਥ ਕੈਂਪ ਲਾਇਆ ਗਿਆ, ਜਿਸ ਵਿਚ ਬੱਚਿਆਂ ਦਾ ਐਨਥਰੋਪੋਮੈਟਰਿਕ (ਭਾਰ, ਕੱਦ) ਜਾਂਚ ਕੀਤੀ ਗਈ ਅਤੇ ਨਿੱਜੀ ਸਫਾਈ, ਹੱਥ ਧੋਣ ਦੀ ਕਿਰਿਆ ਤੇ ਸਿਹਤਮੰਦ ਭੋਜਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਜਾ ਕੇ ਬੱਚੀਆਂ ਨੂੰ ਮਾਹਵਾਰੀ ਸਮੇਂ ਸਫਾਈ ਰੱਖਣ ਦੀ ਜਾਣਕਾਰੀ ਵੀ ਦਿੱਤੀ ਗਈ।

ਕੈਂਪ ਦੌਰਾਨ ਜੀ. ਐੱਨ. ਐੱਮ. ਨਰਸਿੰਗ ਸਾਲ ਪਹਿਲੇ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਬਹੁਤ ਹੀ ਆਕਰਸ਼ਕ ਪੋਸਟਰਾਂ ਰਾਹੀਂ ਜਾਣਕਾਰੀ ਦਿੱਤੀ। ਇਸ ਵਿਚ ਉਨ੍ਹਾਂ ਨੇ ਛੇਵੀ ਕਲਾਸ ਤੋਂ ਲੈ ਬਾਰ੍ਹਵੀਂ ਕਲਾਸ ਦੇ ਬੱਚਿਆਂ ਨੂੰ ਸਟਰੈੱਸ ਮਨੈਜਮੈਂਟ ਦੀਆਂ ਤਕਨੀਕਾਂ ਬਾਰੇ ਜਾਣੂ ਕਰਵਾਇਆ ਅਤੇ ਮੈਂਟਲੀ (ਦਿਮਾਗੀ), ਫਿਜੀਕਲੀ (ਸਰੀਰਕ), ਸਮਾਜਿਕ ਅਤੇ ਸਿਪਰੀਚੁਇਲੀ (ਨੈਤਿਕ ਸਿੱਖਿਆ) ਕਿਵੇਂ ਤੰਦਰੁਸਤ ਰਿਹਾ ਜਾ ਸਕਦਾ ਹੈ। ਇਸ ਬਾਰੇ ਜਾਣਕਾਰੀ ਦਿੱਤੀ। ਦਸਮੇਸ਼ ਕਾਲਜ ਆਫ ਨਰਸਿੰਗ ਵੱਲੋਂ ਸਕੂਲ ਦੇ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।



ਦਸਮੇਸ਼ ਕਾਲਜ ਆਫ ਨਰਸਿੰਗ ਦੇ ਕੈਂਪ ਦਾ ਦ੍ਰਿਸ਼।

ਇਹ ਪ੍ਰੋਗਰਾਮ ਦਸਮੇਸ਼ ਕਾਲਜ ਦੇ ਪ੍ਰਿੰਸੀਪਲ ਪ੍ਰੋ. ਭੁਪਿੰਦਰ ਕੌਰ ਅਤੇ ਪ੍ਰੋਫੈਸਰ ਡਾ. ਸੁਮਨ ਅਲੈਗਜੈਂਡਰ ਦੀ ਸਰਪ੍ਰਸਤੀ ਹੇਠ ਹੋਇਆ ਦਸਮੇਸ਼ ਕਾਲਜ ਦੇ ਡਾਇਰੈਕਟਰ ਗੁਰਸੇਵਕ ਸਿੰਘ ਅਤੇ ਜੁਆਇੰਟ ਡਾਇਰੈਕਟਰ ਸ. ਸਵਰਨਜੀਤ ਸਿੰਘ ਗਿੱਲ ਨੇ ਜੀ. ਐੱਨ. ਐੱਮ ਨਰਸਿੰਗ ਦੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਸਮੇਂ-ਸਮੇਂ ਤੇ ਸਹਿਤ ਸਬੰਧੀ ਕੈਂਪ ਲਗਾਏ ਜਾਣੇ ਚਾਹੀਦੇ ਹਨ।

ਇਸ ਵਿਚ ਦਸ਼ਮੇਸ਼ ਕਾਲਜ ਦੇ ਨਰਸਿੰਗ ਟਿਊਟਰ ਮਿਸਿਜ ਕਮਲਜੀਤ ਕੌਰ, ਨਰਸਿੰਗ ਟਿਊਟਰ ਮਿਸ ਸੁਖਦੀਪ ਕੌਰ, ਨਰਸਿੰਗ ਟਿਊਟਰ ਮਿਸਿਜ ਅਮਨਦੀਪ ਕੌਰ ਅਤੇ ਨਰਸਿੰਗ ਟਿਊਟਰ ਮਿਸ ਮਨਪ੍ਰੀਤ ਕੌਰ ਨੇ ਕੈਂਪ ਨੂੰ ਬਿਹਤਰੀਨ ਢੰਗ ਨਾਲ ਸਹਿਯੋਗ ਦੇ ਕੇ ਨੇਪਰੇ ਚਾੜਿਆ। ਸਕੂਲ ਦੇ ਪ੍ਰਿੰਸੀਪਲ ਰਣਜੀਤ ਕੌਰ ਨੇ ਕੈਂਪ ਸੰਗਠਿਤ ਕਰਨ ਵਿੱਚ ਬਹੁਤ ਸਹਿਯੋਗ ਦਿੱਤਾ ਅਤੇ ਜੀ.ਐਨ.ਐਮ ਦੇ ਵਿਦਿਆਰਥੀਆਂ ਵੱਲੋਂ ਸਿਹਤ ਸਬੰਧੀ ਦਿੱਤੀ ਗਈ ਜਾਣਕਾਰੀ ਨੂੰ ਬਹੁਤ ਸਲਾਹਿਆ।